# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਕਲਾ ਲੋਕਾਂ ਤਕ ਪਹੁੰਚੇ:** ਕਲਾ ਦੇ ਸਿਰਜਨਾਤਮਕ ਅਮਲ ਵਿਚ ਕਲਾਕਾਰ ਨੇ ਇਹ ਵੇਖਣਾ ਹੁੰਦਾ ਹੈ ਕਿ ਉਹਦੀ ਕਲਾਕ੍ਰਿਤ ਜਿਨ੍ਹਾਂ ਲੋਕਾਂ ਬਾਰੇ ਹੈ ਜਾਂ ਜਿਨ੍ਹਾਂ ਨੂੰ ਸੰਬੋਧਨ ਹੈ, ਉਨ੍ਹਾਂ ਤਕ ਕਿਸ ਤਰ੍ਹਾਂ ਪੁੱਜੇ? ਇਸ ਆਸ਼ੇ ਅਨੁਸਾਰ ਹੀ ਉਹ ਕਲਾ ਦੇ ਕਿਸੇ ਵਿਸ਼ੇਸ਼ ਰੂਪ ਦਾ ਵਿਕਾਸ ਕਰਦਾ ਹੈ। ਨਾਟਕ ਕਿਉਂਕਿ ਦਰਸ਼ਕਾਂ ਅੱਗੇ ਸਿੱਧਾ ਪੇਸ਼ ਹੋਣਾ ਹੁੰਦਾ ਹੈ, ਇਸ ਲਈ ਨਾਟਕ ਦੇ ਖੇਤਰ ਵਿਚ ਇਸ ਦਿਸ਼ਾ ਵਿਚ ਇਕ ਵਿਸ਼ੇਸ਼ ਚੇਤਨਾ ਹੈ।

ਬਹੁਤ ਸਾਲ ਪਹਿਲਾਂ ਕੁਝ ਨਾਟਕਕਾਰਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਜਿਨ੍ਹਾਂ ਲੋਕਾਂ ਨੂੰ ਉਹ ਆਪਣਾ ਸੁਨੇਹਾ ਦੇਣਾ ਚਾਹੁੰਦੇ ਹਨ, ਉਹ ਥੀਏਟਰ ਹਾਲਾਂ ਵਿਚ ਆਉਂਦੇ ਤਕ ਨਹੀਂ ਜਾਂ ਆ ਹੀ ਨਹੀਂ ਸਕਦੇ। ਜੇ ਨਾਟਕਕਾਰਾਂ ਨੇ ਕਾਰਗਰ ਤਰੀਕੇ ਨਾਲ ਆਪਣਾ ਸੁਨੇਹਾ ਪੁਚਾਉਣਾ ਹੈ ਤਾਂ ਉਨ੍ਹਾਂ ਨੂੰ ਗਰੀਬ ਬਸਤੀਆਂ ਵਿਚ ਅਤੇ ਪਿੰਡਾਂ ਵਿਚ ਲੋਕਾਂ ਤਕ ਪੁੱਜਣਾ ਚਾਹੀਦਾ ਹੈ। ਇਹਦੇ ਲਈ ਨਾਟਕ ਕਲਾ ਵਿਚ ਰਵਾਇਤੀ ਸ਼ੈਲੀਆਂ ਅਤੇ ਰੂਪਾਂ ਵਿਚ ਬੁਨਿਆਦੀ ਤਬਦੀਲੀਆਂ ਲਿਆਉਣੀਆਂ ਪੈਣਗੀਆਂ। ਨੁੱਕੜ ਨਾਟਕ, ਕਮਿਊਨਿਟੀ ਥੀਏਟਰ, ਥੀਏਟਰ ਫਾਰ ਐਜੂਕੇਸ਼ਨ, ਦਬੇ-ਕੁਚਲੇ ਲੋਕਾਂ ਦਾ ਥੀਏਟਰ ਤੇ ਜੰਗ ਵਿਰੁਧ ਥੀਏਟਰ ਆਦਿ ਸਾਰੀਆਂ ਨਵੀਂ ਸ਼ੈਲੀ ਦੇ ਨਾਟਕਾਂ ਦੀਆਂ ਮਿਸਾਲਾਂ ਹਨ।

ਭਾਰਤ ਵਿਚ ਬੈਰੀ ਜੌਨਜ਼ ਦਾ ਨਾਂ ਉਭਰ ਕੇ ਸਾਹਮਣੇ ਆ ਰਿਹਾ ਹੈ। ਕੁਝ ਸਾਲ ਪਹਿਲਾਂ ਦਿੱਲੀ ਰੇਲਵੇ ਸਟੇਸ਼ਨ ਦੇ ਉਨ੍ਹਾਂ ਬੱਚਿਆਂ ਨੂੰ ਜੋ ਸਾਮਾਨ ਢੋਣ ਦਾ ਕੰਮ ਕਰਦੇ ਸਨ, ਹੋਟਲਾਂ ਵਿਚ ਕੰਮ ਕਰਦੇ ਸਨ, ਜਾਂ ਜੇਬ ਕਤਰੀ ਦੇ ਧੰਦੇ ਵਿਚ ਵੀ ਲੱਗੇ ਹੋਏ ਸਨ, ਉਨ੍ਹਾਂ ਨੂੰ ਨਾਲ ਲੈ ਕੇ ਉਨ੍ਹਾਂ ਦੀ ਹੀ ਜ਼ਿੰਦਗੀ ਉਤੇ ਆਧਾਰਤ ਉਹਨੇ ਇਕ ਨਾਟਕ ਦੀ ਸਿਰਜਣਾ ਕੀਤੀ। ਉਹਦੇ ਕੰਮ ਦੀ ਵਿਸ਼ੇਸ਼ ਸਰਾਹਨਾ ਹੋਈ। ਬਹੁਤ ਹੀ ਕਲਾਮਈ ਤਰੀਕੇ ਨਾਲ ਉਹਨੇ ਸਮਾਜ ਸੁਧਾਰਕਾਂ ਨੂੰ ਝੰਜੋੜਿਆ। ਉਹਨੇ ਸਿੱਧ ਕੀਤਾ ਕਿ ਕਥਿਤ ਬਾਲ ਸੁਧਾਰ ਕੇਂਦਰ, ਯਤੀਮਖਾਨੇ ਆਦਿ ਬਹੁਤ ਵਾਰ ਬੱਚਿਆਂ ਦੇ ਅਚੇਤ ਮਨ 'ਤੇ ਇਕ ਬੁੱਚੜਖਾਨੇ ਦੀ ਛਾਪ ਛੱਡਦੇ ਹਨ। ਇਨ੍ਹਾਂ ਬੱਚਿਆਂ ਪ੍ਰਤੀ ਸਟੇਟ ਦੀ ਜ਼ਿੰਮੇਵਾਰੀ ਬਾਰੇ ਵੀ ਉਹਨੇ ਤੀਖਣ ਤਰੀਕੇ ਨਾਲ ਟਿੱਪਣੀ ਕੀਤੀ। ਬੈਰੀ ਜੌਨਜ਼ ਅਤੇ ਇਸ ਖੇਤਰ ਵਿਚ ਹੋ ਰਹੇ ਹੋਰ ਕੰਮ ਤੋਂ ਪ੍ਰੇਰਤ ਹੋ ਕੇ ਬਹੁਤ ਸਾਰੇ ਨਵੇਂ ਨਾਟਕਕਾਰ ਹੁਣ ਇਸ ਦਿਸ਼ਾ ਵਿਚ ਕੰਮ ਕਰਨ ਲਈ ਅੱਗੇ ਆ ਰਹੇ ਹਨ। ਬੱਚਿਆਂ ਦਾ ਖਾਸ ਕਰ ਕੇ ਅਪੰਗ ਅਤੇ ਪਛੜੇ ਬੱਚਿਆਂ ਦਾ ਥੀਏਟਰ ਨਵੇਂ ਰੂਪਾਂ ਵਿਚ ਸਾਹਮਣੇ ਆ ਰਿਹਾ ਹੈ।

ਇਸ ਕਿਸਮ ਦਾ ਕੰਮ ਭਾਵੇਂ ਹਾਲੇ ਰਾਜਧਾਨੀ ਅਤੇ ਵੱਡੇ ਸ਼ਹਿਰਾਂ ਵਿਚ ਹੀ ਹੋ ਰਿਹਾ ਹੈ ਪਰ ਜਲਦੀ ਹੀ ਇਹ ਲਹਿਰ ਬਣ ਕੇ ਹੋਰਨਾਂ ਥਾਵਾਂ 'ਤੇ ਵੀ ਪੁੱਜੇਗੀ। ਕਲਾ ਲੋਕਾਂ ਦੇ ਕਲਿਆਣ ਲਈ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਸੋਹਣਾ ਅਤੇ ਸੁਹਜਾਤਮਕ ਬਣਾਉਣ ਦੇ ਕਾਰਜ ਵਿਚ ਯਤਨਸ਼ੀਲ ਹੋਵੇ, ਥੀਏਟਰ ਖੇਤਰ ਵਿਚ ਇਹ ਇਕ ਉਤਸ਼ਾਹਜਨਕ ਕਦਮ ਹੈ।

**ਰਵਾਇਤੀ ਲੋਕ ਕਲਾਵਾਂ ਦੀ ਸੰਵੇਦਨਸ਼ੀਲ ਵਰਤੋਂ:** ਲੋਕ ਕਲਾਵਾਂ, ਵਿਸ਼ੇਸ਼ ਕਰ ਕੇ ਤਮਾਸ਼ਾ ਵਿਧੀ ਵਿਚ ਮਜ਼ਾਕ ਅਤੇ ਵਿਅੰਗ ਦੀ ਇਕ ਵਿਸ਼ੇਸ਼ ਥਾਂ ਹੈ। ਇਨ੍ਹਾਂ ਕਲਾਵਾਂ ਵਿਚ ਲੋਕ ਕਲਾਕਾਰਾਂ ਵਲੋਂ ਵਿਅੰਗ ਦੀ ਸ਼ੈਲੀ ਵਿਚ ਸਥਾਪਤੀ ਉਤੇ ਵਿਅੰਗ ਵੀ ਕੱਸਿਆ ਜਾਂਦਾ ਹੈ ਅਤੇ ਨਾਲ ਹੀ ਸਿੱਧੇ ਅਤੇ ਅਸਿੱਧੇ ਤਰੀਕੇ ਨਾਲ ਲੋਕਾਂ ਦੀਆਂ ਸ਼ਿਕਾਇਤਾਂ ਹਾਕਮਾਂ ਤਕ ਪੁਚਾਈਆਂ ਜਾਂਦੀਆਂ ਹਨ। ਪੰਜਾਬ ਵਿਚ ਜਾਣੇ ਜਾਂਦੇ ਭੰਡ ਅਤੇ ਮਰਾਸੀ ਇਸੇ ਪ੍ਰੰਪਰਾ ਦੀਆਂ ਮਿਸਾਲਾਂ ਹਨ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਅਖਾੜਾ ਲਗਾਉਣ ਦੀ ਇਕ ਪ੍ਰੰਪਰਾ ਹੈ। ਅਖਾੜਾ ਵਿਚ ਬਾਜ਼ੀਗਰਾਂ ਵਾਲੀਆਂ ਕਲਾਬਾਜ਼ੀਆਂ, ਲੱਠ ਅਤੇ ਤਲਵਾਰ ਚਲਾਉਣ ਦੀ ਕਲਾ ਅਤੇ ਨਾਲ ਹੀ ਗੀਤ-ਸੰਗੀਤ ਸਭ ਸ਼ਾਮਲ ਹਨ। ਨਾਟਕ ਖੇਤਰ ਵਿਚ ਕੰਮ ਕਰ ਰਹੇ ਕੁਝ ਨਾਟਕਕਾਰ ਇਨ੍ਹਾਂ ਲੋਕ ਪ੍ਰੰਪਰਾਵਾਂ ਨੂੰ ਆਧੁਨਿਕ ਸੰਵੇਦਨਾ ਦੇ ਪ੍ਰਸੰਗ ਵਿਚ ਵਰਤਣ ਲਈ ਯਤਨਸ਼ੀਲ ਹਨ। ਬੰਸੀ ਕੌਲ ਇਨ੍ਹਾਂ ਵਿਚੋਂ ਇਕ ਹਸਤਾਖਰ ਹੈ। ਪੰਜਾਬ ਵਿਚ 1979 ਵਿਚ ਉਹਨੇ ਅੰਮ੍ਰਿਤਸਰ, ਨਾਟਕ ਕਲਾ ਕੇਂਦਰ ਨਾਲ ਇਕ ਵਰਕਸ਼ਾਪ ਲਗਾਈ ਸੀ। ਧਮਕ ਨਗਾਰੇ ਦੀ, ਨਾਟਕ ਇਸ ਵਰਕਸ਼ਾਪ ਦੀ ਦੇਣ ਸੀ। ਉਸ ਨਾਟਕ ਵਿਚ ਨੰਦੀ ਮਰਾਸਣ ਦੇ ਪਾਤਰ ਨਾਟਕ ਨੂੰ ਇਕ ਵਿਸ਼ੇਸ਼ ਗਤੀ ਦਿੰਦਾ ਹੈ। ਹਰਚਰਨ ਸਿੰਘ ਨੇ ਆਪਣੇ ਨਾਟਕ ਕੱਲ੍ਹ, ਅੱਜ ਤੇ ਭਲਕ ਵਿਚ ਭੰਡਾਂ ਦੇ ਪਾਤਰਾਂ ਨੂੰ ਵਿਅੰਗ ਪ੍ਰਭਾਵ ਲਈ ਵਰਤਿਆ ਹੈ। ਗੁਰਦਿਆਲ ਸਿੰਘ ਫੁੱਲ ਦੇ ਪ੍ਰਸਿੱਧ ਨਾਟਕ 'ਇਹ ਲਹੂ ਕਿਸ ਦਾ ਹੈ?' ਵਿਚ ਇਨ੍ਹਾਂ ਪਾਤਰਾਂ ਨੂੰ ਪ੍ਰਮੁੱਖ ਤੌਰ 'ਤੇ ਵਰਤਿਆ ਹੈ। ਇਸ ਦੇ ਉਲਟ ਸਭਿਆਚਾਰਕ ਪ੍ਰੋਗਰਾਮਾਂ ਵਿਚ ਭਾਵੇਂ ਭੰਡਾਂ ਦੇ ਆਈਟਮ ਬੜੇ ਆਮ ਪੇਸ਼ ਕੀਤੇ ਜਾਂਦੇ ਹਨ ਪਰ ਬਹੁਤ ਵਾਰ ਉਨ੍ਹਾਂ ਵਿਚ ਪੇਸ਼ ਕੀਤਾ ਵਿਅੰਗ ਅਤੇ ਮਜ਼ਾਕ ਸੰਵੇਦਨਾ ਤੋਂ ਦੂਰ ਹੁੰਦਾ ਹੈ। ਬੰਸੀ ਕੌਲ ਅੱਜ ਕੱਲ੍ਹ ਆਦਿਵਾਸੀਆਂ ਵਿਚ ਕੰਮ ਕਰ ਰਿਹਾ ਹੈ। ਪਹਿਲਾਂ ਹਬੀਬ ਤਨਵੀਰ ਨੇ ਵੀ ਇਨ੍ਹਾਂ ਲੋਕਾਂ ਨਾਲ ਬਹੁਤ ਚੰਗੇ ਨਾਟਕਾਂ ਦੀ ਸਿਰਜਣਾ ਲਈ ਕੰਮ ਕੀਤਾ ਹੈ। ਬੰਸੀ ਕੌਲ ਦਾ ਕੰਮ ਆਦਿਵਾਸੀਆਂ ਦੀ ਅਖਾੜਾ ਤਕਨੀਕ ਨੂੰ ਆਧੁਨਿਕ ਸੰਵੇਦਨਾ ਦੇ ਪ੍ਰਸੰਗ ਵਿਚ ਵਰਤਣ ਦਾ ਯਤਨ ਹੈ। ਭਾਰਤ ਦੇ ਮੌਲਿਕ ਨਾਟਕ ਸਿਰਜਣਾ ਦੇ ਅਮਲ ਵਿਚ ਇਹ ਇਕ ਮੁਬਾਰਕ ਕਦਮ ਹੈ।

**ਟਾਡਾ ਐਕਟ ਅਤੇ ਕਲਾਕਾਰ:** ਸੰਜੇ ਦੱਤ ਇਕ ਲੋਕ ਪ੍ਰਿਯ ਐਕਟਰ ਹੈ। ਉਹ ਸੁਨੀਲ ਦੱਤ ਦਾ ਬੇਟਾ ਹੈ ਜੋ ਪਾਰਲੀਮੈਂਟ ਦੇ ਮੈਂਬਰ ਹਨ। ਉਹ ਸਵਰਗੀ ਨਰਗਿਸ ਦਾ ਬੇਟਾ ਹੈ ਜੋ ਆਪਣੇ ਜੀਵਨ ਕਾਲ ਵਿਚ ਰਾਜ ਸਭਾ ਦੇ ਮੈਂਬਰ ਸਨ। ਸੰਜੇ ਦੱਤ ਜਿਸ ਟਾਡਾ ਥੱਲੇ ਸੀਖ਼ਾਂ ਪਿੱਛੇ ਬੰਦ ਹੈ, ਉਹ ਇਨ੍ਹਾਂ ਲੋਕ ਸਭਾ ਅਤੇ ਰਾਜ ਸਭਾ ਦਾ ਪਾਸ ਕੀਤਾ ਹੋਇਆ ਹੈ। ਇਹ ਇਕ ਤਾਨਾਸ਼ਾਹੀ ਦਾ ਐਕਟ ਹੈ ਜੋ ਸਥਾਪਤੀ ਅਤੇ ਪੁਲੀਸ ਦੇ ਹੱਥਾਂ ਵਿਚ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਅਤੇ ਭ੍ਰਿਸ਼ਟਾਚਾਰ ਲਈ ਕਾਰਗਰ ਹਥਿਆਰ ਹੈ। ਦਿੱਲੀ ਵਿਚ ਇਕ ਵੱਡਾ ਜਲੂਸ ਟਾਡਾ ਐਕਟ ਦੇ ਵਿਰੁਧ ਰੋਸ ਕਰਨ ਲਈ ਨਿਕਲਿਆ ਜਿਸ ਦੀ ਅਗਵਾਈ ਫਿਲਮ ਐਕਟਰ ਰਾਜ ਬੱਬਰ ਨੇ ਕੀਤੀ। ਸੰਜੇ ਦੱਤ ਦੋਸ਼ੀ ਹੈ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਕਲਾਕਾਰਾਂ ਦਾ ਇਸ ਘ੍ਰਿਣਾਯੋਗ ਐਕਟ ਦੇ ਵਿਰੁਧ ਸੜਕ 'ਤੇ ਆਉਣਾ ਆਪਣੇ ਆਪ ਵਿਚ ਇਕ ਸਹੀ ਵਰਤਾਰਾ ਹੈ।